Punjab Government Gazette

Published by Authority

No. 16] CHANDIGARH, FRIDAY, APRIL 17, 2026 (CHAITRA 27, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-2 ਸ਼ਾਖਾ)

ਅਧਿਸੂਚਨਾ

ਮਿਤੀ 9 ਜੂਨ 2023

ਨੰ: 27/119/2017-2ਸਿ2/ 720.-ਡਾ: ਗੁਰਬੀਰ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ:78/ਜੀ.ਸੀ/09, ਸਬ ਡਵੀਜਨਲ (ਸਿਵਲ) ਹਸਪਤਾਲ, ਮਲੇਰਕੋਟਲਾ, ਜਿਲ੍ਹਾ ਸੰਗਰੂਰ ਵਿਰੁੱਧ ਮਿਤੀ 01.11.2013 ਤੋਂ ਲਗਾਤਾਰ ਡਿਊਟੀ ਤੋਂ ਗੈਰ ਹਾਜਰ ਰਹਿਣ ਕਾਰਣ ਪੱਤਰ ਨੰ:27/119/2017-2ਸਿ2/3514-16 ਮਿਤੀ01.12.2020 ਰਾਹੀ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ 8 ਅਧੀਨ ਹੇਠ ਲਿਖੇ ਦੋਸਾ ਤਹਿਤ ਦੋਸ਼ ਸੂਚੀ ਜਾਰੀ ਕੀਤੀ ਗਈ:-

1. ਮਿਤੀ 01.11.2013 ਤੋਂ ਬਿਨਾਂ ਛੁੱਟੀ ਪ੍ਰਵਾਨ ਕਰਵਾਏ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣਾ।
2. ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਨਾ ਕਰਨਾ ।
3. ਸਰਕਾਰੀ ਹਦਾਇਤਾ ਦੀ ਉਲੰਘਣਾ ਕਰਨਾ ।

2 ਡਾਕਟਰ ਵਲੋਂ ਦੋਸ਼ ਸੂਚੀ ਦੇ ਸਬੰਧ ਵਿੱਚ ਕੋਈ ਵੀ ਜਵਾਬ ਪ੍ਰਾਪਤ ਨਹੀਂ ਹੋਇਆ ਅਤੇ ਇਸ ਸਬੰਧੀ ਸਿਵਲ ਸਰਜਨ, ਸੰਗਰੂਰ ਵਲੋਂ ਪੱਤਰ ਨੰ:ਅ-2/2021/385 ਮਿਤੀ 03.02.2021 ਰਾਂਹੀ ਸੂਚਿਤ ਕੀਤਾ ਗਿਆ ਕਿ ਡਾਕਟਰ ਇੰਡੀਆ ਤੋਂ ਬਾਹਰ ਚਲਾ ਗਿਆ ਹੈ। ਇਸ ਲਈ ਪੱਤਰ ਨੰ:27/119/2017-2ਸਿ2/1280-82, ਮਿਤੀ 18.02.2021 ਰਾਂਹੀ ਇਸ ਕੇਸ ਵਿੱਚ ਡਾ. ਅਰਵਿੰਦਰ ਸਿੰਘ, ਆਈ.ਏ.ਐਸ (ਰਿਟਾ:) ਨੂੰ ਪੜਤਾਲ ਕਰਨ ਲਈ ਬਤੌਰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ । ਪੜਤਾਲੀਆ ਅਫਸਰ ਵਲੋਂ ਮਿਤੀ 20.07.2021 ਰਾਂਹੀ ਆਪਣੀ ਪੜਤਾਲ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿੱਚ ਉਨ੍ਹਾਂ ਵਲੋਂ ਡਾਕਟਰ ਵਿਰੁੱਧ ਲਗਾਏ ਸਾਰੇ ਦੋਸ਼ ਸਿੱਧ ਕਰਾਰ ਦਿੱਤੇ ਗਏ। ਇਸ ਉਪਰੰਤ ਪੱਤਰ ਨੰ: 27/119/2017-2ਸਿ2/4392-93, ਮਿਤੀ 05.08.2021 ਰਾਂਹੀ ਪੜਤਾਲ ਰਿਪੋਰਟ ਦੀ ਕਾਪੀ ਡਾਕਟਰ ਨੂੰ ਆਪਣਾ ਜਵਾਬ/ਸਪਸ਼ਟੀਕਰਨ ਦੇਣ ਲਈ ਭੇਜੀ ਗਈ, ਜੋ ਕਿ ਡਾਕ ਵਿਭਾਗ ਵਲੋਂ ਅਣਵੰਡੀ ਹੀ Left India ਦੇ ਕਥਨਾਂ ਤਹਿਤ ਮੁੜ ਸ਼ਾਖਾ ਵਿੱਚ ਪ੍ਰਾਪਤ ਹੋ ਗਈ। ਕੁਦਤਰੀ ਨਿਆਂ ਨੂੰ ਮੁੱਖ ਰੱਖਦੇ ਹੋਏ ਪੱਤਰ ਨੰ: 27/119/2017-2ਸਿ2/4841-42,ਮਿਤੀ 01.09.2021 ਰਾਂਹੀ ਡਾਕਟਰ ਨੂੰ ਮਿਤੀ 08.09.2021 ਨੂੰ 11.00 ਵਜੇ ਨਿਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ ਪ੍ਰੰਤੂ ਉਹ ਨਿਜੀ ਸੁਣਵਾਈ

ਵਿੱਚ ਹਾਜਰ ਨਹੀਂ ਹੋਇਆ ਅਤੇ ਉਸ ਨੂੰ ਨਿਜੀ ਸੁਣਵਾਈ ਲਈ ਜਾਰੀ ਕੀਤਾ ਗਿਆ ਪੱਤਰ ਵੀ ਡਾਕ ਵਿਭਾਗ ਵਲੋਂ ਅਣਵੰਡਿਆ Left India ਦੇ ਕਥਨਾਂ ਤਹਿਤ ਮੁੜ ਸ਼ਾਖਾ ਵਿਚ ਪ੍ਰਾਪਤ ਹੋ ਗਿਆ । ਇਸ ਉਪਰੰਤ ਮਿਸਲ ਤੇ ਆਏ ਤੱਥਾਂ ਅਤੇ ਸਾਰੇ ਮਾਮਲੇ ਨੂੰ ਵਿਚਾਰਨ ਉਪਰੰਤ ਸਮਰੱਥ ਅਥਾਰਟੀ ਵਲੋਂ ਡਾ. ਗੁਰਬੀਰ ਸਿੰਘ ਮੈਡੀਕਲ ਅਫਸਰ, ਮੈਰਿਟ ਨੰ. 78/ਜੀ.ਸੀ./09, ਸਬ ਡਵੀਜਨਲ (ਸਿਵਲ) ਹਸਪਤਾਲ, ਮਲੇਰਕੋਟਲਾ, ਜਿਲ੍ਹਾਂ ਸੰਗਰੂਰ ਨੂੰ Dismiss ਕਰਨ ਦਾ ਆਰਜੀ ਫੈਸਲਾ ਲਿਆ ਗਿਆ ਅਤੇ ਪੱਤਰ ਨੰ: 27/119/2009-2ਸਿ2/385, ਮਿਤੀ 13.03.2023 ਰਾਹੀ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਡਾਕਟਰ ਦੀਆਂ ਸੇਵਾਵਾਂ ਡਿਸਮਿਸ ਕਰਨ ਸਬੰਧੀ ਪ੍ਰਵਾਨਗੀ ਦੇਣ ਲਈ ਲਿਖਿਆ ਗਿਆ। ਪੰਜਾਬ ਲੋਕ ਸੇਵਾ ਕਮਿਸ਼ਨ ਪਟਿਆਲਾ ਵਲੋਂ ਆਪਣੇ ਪੱਤਰ ਨੰ:ਡਿਸ.322/2023/ਅ-7/724 ਮਿਤੀ 22.05.2022 ਰਾਂਹੀ ਡਾਕਟਰ ਨੂੰ ਸਰਕਾਰੀ ਨੌਕਰੀ ਤੋਂ ਡਿਸਮਿਸ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

3. ਉਕਤ ਦਰਸਾਈ ਸਥਿਤੀ ਤੋਂ ਇਹ ਸਪਸ਼ਟ ਹੈ ਕਿ ਡਾ.ਗੁਰਬੀਰ ਸਿੰਘ, ਮੈਡੀਕਲ ਅਫਸਰ ਜਾਣਬੁੱਝ ਕੇ ਅਣ-ਅਧਿਕਾਰਤ ਤੌਰ ਤੇ ਮਿਤੀ 01.11.2013 ਤੋਂ ਲਗਾਤਾਰ ਗੈਰ ਹਾਜਰ ਚੱਲ ਰਿਹਾ ਹੈ। ਸਰਕਾਰ ਵਲੋਂ ਉਸ ਨੂੰ ਡਿਊਟੀ ਤੇ ਹਾਜਰ ਹੋਣ ਸਬੰਧੀ ਕੀਤੇ ਗਏ ਹੁਕਮਾਂ ਦੇ ਸਨਮੁੱਖ ਵੀ ਉਹ ਡਿਊਟੀ ਤੇ ਹਾਜਰ ਨਹੀਂ ਹੋਇਆ। ਇਸ ਤੋਂ ਇਲਾਵਾ ਡਾਕਟਰ ਦੇ ਘਰ ਦੇ ਪਤੇ ਤੇ ਭੇਜੇ ਗਏ ਰਜਿਸਟਰਡ ਪੱਤਰ ਵੀ ਅਣਵੰਡੇ ਵਾਪਸ ਪ੍ਰਾਪਤ ਹੋਏ ਹਨ ਅਤੇ ਇਨਾਂ ਵਿੱਚ ਡਾਕ ਵਿਭਾਗ ਵੱਲੋਂ ਲਿਖਿਆ ਗਿਆ ਹੈ ਕਿ ਡਾਕਟਰ India left ਕਰ ਗਏ ਹਨ।

4. ਇਸ ਲਈ ਪੜਤਾਲੀਆ ਅਫਸਰ ਵੱਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਤੇ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਵੱਲੋਂ ਡਾਕਟਰ ਨੂੰ ਡਿਸਮਿਸ ਕਰਨ ਸਬੰਧੀ ਪ੍ਰਾਪਤ ਸਹਿਮਤੀ ਦੇ ਸਨਮੁੱਖ ਪੰਜਾਬ ਦੇ ਰਾਜਪਾਲ ਜੀ ਵੱਲੋਂ ਡਾ: ਗੁਰਬੀਰ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ: 78/ਜੀ.ਸੀ/09, ਸਬ ਡਵੀਜਨਲ (ਸਿਵਲ) ਹਸਪਤਾਲ, ਮਲੇਰਕੋਟਲਾ, ਜਿਲ੍ਹਾ ਸੰਗਰੂਰ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮ ਦੇ ਨਿਯਮ 5(ix) ਵਿੱਚ ਦਰਸਾਈ ਵੱਡੀ ਸਜਾ ਦਿੰਦੇ ਹੋਏ ਉਸ ਨੂੰ ਸਰਕਾਰੀ ਨੌਕਰੀ ਤੋਂ ਗੈਰ ਹਾਜਰੀ ਦੀ ਮਿਤੀ 01.11.2013 ਤੋਂ ਡਿਸਮਿਸ ਕੀਤਾ ਜਾਂਦਾ ਹੈ, ਜਿਸ ਦੇ ਫਲਸਰੂਪ ਇਸ ਡਾਕਟਰ ਨੂੰ ਵਾਪਸ ਸਰਕਾਰੀ ਸੇਵਾ ਵਿਚ ਆਉਣ ਦਾ ਹੱਕ ਨਹੀਂ ਹੋਵੇਗਾ ਅਤੇ ਡਾਕਟਰ ਤੋਂ ਬਾਂਡ ਦੀ ਰਕਮ ਜਾਂ ਹੋਰ ਬਕਾਇਆ ਰਕਮ (ਜੇਕਰ ਕੋਈ ਹੋਵੇ), ਵਸੂਲ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਰਹੇਗਾ।

ਸਹੀ/-

ਵਿਵੇਕ ਪ੍ਰਤਾਪ ਸਿੰਘ, ਆਈ.ਏ.ਐਸ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,

ਸਿਹਤ ਤੇ ਪਰਿਵਾਰ ਭਲਾਈ ਵਿਭਾਗ।

ਚੰਡੀਗੜ੍ਹ

3690/4-2026/Pb. Govt. Press, S.A.S. Nagar